ਪੰਜਾਬੀ ਟ੍ਰਿਬਿਊਨ, ਐਤਵਾਰ, 2 ਜੂਨ, 1991 (III)

2- June 1991



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

# ਕਰਤਾਰ ਸਿੰਘ ਦੁੱਗਲ ਦਾ ਨਾਟਕ 'ਦੀਵਾ ਬੁੱਝ ਗਿਆ'

ਐਕਟਿੰਗ ਦੇ ਖੇਤਰ ਵਿਚ ਇਹ ਮੇਰਾ ਪਹਿਲਾ ਨਾਟਕ ਹੈ, ਜੋ ਮੈਂ ਆਪਣੇ ਸਾਥੀਆਂ ਅਮਰੀਕ, ਪ੍ਰੇਮ ਪਾਠਕ ਅਤੇ ਮਹਿੰਦਰ ਕੌਰ ਦੇ ਨਾਲ ਸਟਾਫ ਕਲੱਬ ਨੰਗਲ ਟਾਊਨਸ਼ਿਪ ਦੀ ਸਟੇਜ 'ਤੇ 15 ਅਗਸਤ, 1958 ਨੂੰ ਖੇਡਿਆ ਹੈ। ਅਸੀਂ ਇਹ ਸਟੇਜ ਆਪਣੇ ਹੱਥਾਂ ਨਾਲ ਮਿੱਟੀ ਪੁੱਟ ਕੇ ਬਣਾਈ ਹੈ। ਭਾਖੜਾ ਪ੍ਰਜੈਕਟ ਦੀ ਲੈਬਾਰਟਰੀ ਵਿਚ ਮੈਂ ਅਸਿਸਟੈਂਟ ਰਿਸਰਚ ਅਫਸਰ ਦੀ ਪਦਵੀ 'ਤੇ ਕੰਮ ਕਰਦਾ ਹਾਂ। ਸੀਮਿੰਟ ਕੰਕਰੀਟ ਦੇ ਨਮੂਨੇ ਟੈਸਟ ਕਰਨ ਤੋਂ ਬਾਅਦ ਜਿਹੜਾ ਮਲਬਾ ਬਚਦਾ ਹੈ, ਉਹ ਕੁਝ ਚਿਰ ਕਲੱਬ ਵਿਚ ਹੀ ਸੁਟਵਾਇਆ ਹੈ ਤੇ ਫੇਰ ਥੋੜ੍ਹਾ ਸੀਮਿੰਟ ਵਰਤ ਕੇ ਹੀ ਉਸ ਕੱਚਰੇ ਦੀ ਢੇਰੀ ਨੂੰ ਇਕ ਸਟੇਜ ਦੀ ਸ਼ਕਲ ਦੇ ਦਿੱਤੀ ਗਈ ਹੈ। ਅਸੀਂ ਕਲੱਬ ਵਿਚ ਹੀ 15 ਅਗਸਤ ਤੇ 26 ਜਨਵਰੀ ਸਭਿਆਚਾਰਕ ਪ੍ਰੋਗਰਾਮ ਕਰਦੇ ਹਾਂ। ਪ੍ਰਜੈਕਟ 'ਤੇ 24 ਘੰਟੇ ਕੰਮ ਹੁੰਦਾ ਹੈ।

ਇਹੀ ਦੋ ਦਿਨ ਸਾਡੀ ਵੱਡੀ ਛੁੱਟੀ ਦੇ ਦਿਨ ਹੁੰਦੇ ਹਨ। ਇਨ੍ਹਾਂ ਸਾਰੇ ਪ੍ਰੋਗਰਾਮਾਂ ਦਾ ਖਰਚਾ ਅਸੀਂ ਆਪ ਹੀ ਕੁਝ ਦੋਸਤ ਕਰਦੇ ਹਾਂ ਤੇ ਪ੍ਰਬੰਧ ਵੀ ਦਰੀਆਂ ਵਿਛਾਉਣ ਤੋਂ ਲੈ ਕੇ ਦਰੀਆਂ ਚੁੱਕਣ ਤਕ ਆਪ ਹੀ ਕਰਦੇ ਹਾਂ। ਮੇਰੇ ਨਾਲ ਮੇਰੇ ਦੋਸਤ ਰਾਮ ਪ੍ਰਕਾਸ਼ ਕਪੂਰ ਦਾ ਵਿਸ਼ੇਸ਼ ਸਹਿਯੋਗ ਹੁੰਦਾ ਹੈ।

'ਦੀਵਾ ਬੁੱਝ ਗਿਆ' ਕਸ਼ਮੀਰ ਵਾਦੀ ਦੀ ਉਸ ਵੇਲੇ ਦੀ ਕਹਾਣੀ ਹੈ, ਜਦੋਂ ਅਕਤੂਬਰ, 1947 ਵਿਚ ਪਾਕਿਸਤਾਨ ਵਲੋਂ ਦਾਖਲ ਹੋ ਕੇ ਕਬਾਇਲੀਆਂ ਨੇ ਵਾਦੀ 'ਤੇ ਹਮਲਾ ਕੀਤਾ, ਕਸ਼ਮੀਰੀ ਬਹੂ ਬੇਟੀਆਂ ਦੀ ਇੱਜ਼ਤ ਲੁੱਟੀ। ਮੌਲਿਕ ਨਾਟਕ ਵਿਚ ਇਕ ਮਾਂ, ਜਿਸ ਦੇ ਦੋ ਪੁੱਤਰ ਅਲੀ ਅਤੇ ਸੁਲਤਾਨ ਹਨ, ਇਸ ਨਾਟਕ ਦੀ ਨਾਇਕਾ ਹੈ ਪਰ ਔਰਤ ਕਲਾਕਾਰ ਦੀ ਅਣਹੋਂਦ ਕਰ ਕੇ ਲੇਖਕ ਦੀ ਆਗਿਆ ਨਾਲ ਇਸ ਪਾਤਰ ਨੂੰ ਇਕ ਬਾਪ ਦੇ ਰੂਪ ਵਿਚ ਬਦਲਿਆ ਗਿਆ, ਜਿਸ ਨੇ ਮਾਂ ਦੇ ਮਰਨ ਬਾਅਦ ਆਪ ਹੀ ਨਿੱਕੇ ਨਿੱਕੇ ਬੱਚਿਆਂ ਨੂੰ ਪਾਲਿਆ ਹੈ। ਇਸ ਕਰ ਕੇ ਮੌਲਿਕ ਨਾਟਕ ਦੀ ਵਾਰਤਾਲਾਪ ਵਿਚ ਸਾਨੂੰ ਕੋਈ ਵਿਸ਼ੇਸ਼ ਤਬਦੀਲੀ ਨਹੀਂ ਕਰਨੀ ਪਈ ਹੈ। ਬਾਪ ਦੀ ਭੂਮਿਕਾ ਇਸ ਨਾਟਕ ਵਿਚ ਮੈਂ ਆਪ ਹੀ ਨਿਭਾਈ ਹੈ।

ਸੁਲਤਾਨ ਤੇ ਅਲੀ ਹੁਣ ਨੌਜਵਾਨ ਹਨ। ਇਸ ਘਰ ਵਿਚ ਇਕ ਕੁੜੀ ਰਾਜੀ ਵੀ ਹੈ। ਰਾਜੀ ਦੇ ਮਾਂ ਬਾਪ ਕਬਾਇਲੀਆਂ ਦੇ ਹੱਥੋਂ ਮਾਰੇ ਗਏ ਹਨ। ਰਾਜੀ ਦਾ ਬਾਪ ਇਸ ਬਜ਼ੁਰਗ ਦਾ ਨੇੜੇ ਦਾ ਦੋਸਤ ਸੀ, ਇਸ ਲਈ 16-17 ਸਾਲ ਦੀ ਯਤੀਮ ਬੱਚੀ ਇਸ ਘਰ ਵਿਚ ਹੀ ਰਹਿੰਦੀ ਹੈ। ਅਲੀ ਇਕ ਸੂਝਵਾਨ ਨੌਜਵਾਨ ਹੈ ਜੋ ਸ਼ੇਰੇ ਕਸ਼ਮੀਰ ਸ਼ੇਖ ਅਬਦੁੱਲਾ ਦਾ ਪੈਰੋਕਾਰ ਹੈ ਅਤੇ ਕਬਾਇਲੀਆਂ ਦੇ ਵਿਰੁਧ ਭਾਰਤ ਦੀਆਂ ਫੌਜਾਂ ਨਾਲ ਮਿਲ ਕੇ ਵਾਲੰਟੀਅਰ ਦੀ ਹੈਸੀਅਤ ਵਿਚ ਰਲ ਕੇ ਕੰਮ ਕਰ ਰਿਹਾ ਹੈ। ਰਾਜੀ ਅਲੀ ਦੀ ਪ੍ਰਸ਼ੰਸਕ ਹੈ, ਪਰ ਛੋਟਾ ਸੁਲਤਾਨ ਜੋ ਇਕ ਨਿਕੰਮਾ ਨੌਜਵਾਨ ਹੈ, ਰਾਜੀ ਉਤੇ ਆਪਣਾ ਹੱਕ ਜਮਾਉਣਾ ਚਾਹੁੰਦਾ ਹੈ। ਉਹਨੂੰ ਆਪਣੇ ਭਰਾ ਨਾਲ ਵੀ ਇਸ ਮੁੱਦੇ 'ਤੇ ਈਰਖਾ ਹੋ ਜਾਂਦੀ ਹੈ। ਉਹ ਦੁਸ਼ਮਣਾਂ ਦੇ ਨਾਲ ਰਲ ਕੇ ਅਲੀ ਨੂੰ ਮਰਵਾਉਣ ਦੀ ਸਾਜ਼ਿਸ਼ ਰਚਦਾ ਹੈ।

ਘਰ ਦਾ ਰਿਵਾਜ਼ ਹੈ ਕਿ ਅਲੀ ਜਦੋਂ ਘਰ ਹੋਵੇ ਤਾਂ ਰਾਤ ਨੂੰ ਖਿੜਕੀ ਵਿਚ ਬਲਦੇ ਦੀਵੇ ਨੂੰ ਵੱਡਾ ਪੁੱਤਰ ਹੋਣ ਦੀ ਹੈਸੀਅਤ ਵਿਚ ਉਹੀ ਬੁਝਾਂਦਾ ਹੈ। ਅਲੀ ਨੇ ਅੱਜ ਆਉਣਾ ਹੈ ਤੇ ਜਦੋਂ ਉਹ ਖਿੜਕੀ 'ਤੇ ਦੀਵਾ ਬੁਝਾਉਣ ਆਏ ਤਾਂ ਉਹਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਜਾਏ। ਬੁੱਢੇ ਬਾਪ ਨੂੰ ਸਮੇਂ ਸਿਰ ਇਸ ਸਾਜ਼ਿਸ਼ ਦਾ ਪਤਾ ਲਗ ਜਾਂਦਾ ਹੈ ਤੇ ਉਹ ਪੂਰਾ ਇਰਾਦਾ ਬਣਾ ਲੈਂਦਾ ਹੈ ਕਿ ਦੀਵਾ ਅਲੀ ਨਹੀਂ, ਸੁਲਤਾਨ ਬੁਝਾਏਗਾ। ਉਹ ਆਪਣੇ ਹੱਥੀਂ ਪਹਿਲੇ ਸੁਲਤਾਨ ਨੂੰ ਖਾਣਾ ਖਵਾਂਦਾ ਹੈ। ਸ਼ਰਾਬ ਪਿਆਂਦਾ ਹੈ ਅਤੇ ਫੇਰ ਉਹਨੂੰ ਦੀਵਾ ਬੁਝਾਣ ਲਈ ਪ੍ਰੇਰਦਾ ਹੈ। ਦੀਵਾ ਬੁਝਾਂਦਾ ਸੁਲਤਾਨ ਮਾਰਿਆ ਜਾਂਦਾ ਹੈ। ਬੁੱਢਾ ਬਾਪ ਇਹ ਕਹਿੰਦਾ ਹੈ, "ਅੱਜ ਮੇਰੇ ਘਰ ਦਾ ਉਹ ਚਿਰਾਗ ਬੁੱਝ ਗਿਆ ਹੈ ਜਿਸ ਵਿਚੋਂ ਤੇਲ ਮੁੱਕ ਚੁੱਕਿਆ ਸੀ।" ਇਸ ਨਾਟਕ ਵਿਚ ਰਾਜੀ ਦੀ ਭੂਮਿਕਾ ਮਹਿੰਦਰ ਨੇ ਨਿਭਾਈ ਹੈ, ਜੋ ਆਨੰਦਪੁਰ ਸਾਹਿਬ ਦੀ ਨੌਵੀਂ ਜਮਾਤ ਦੀ ਸਕੂਲ ਵਿਦਿਆਰਥਣ ਹੈ ਤੇ ਉਥੋਂ ਦੇ ਕਮਿਊਨਿਸਟ ਕਾਰਕੁਨ ਕੁਲਦੀਪ ਸਿੰਘ ਹੋਰਾਂ ਦੀ ਬੱਚੀ ਹੈ। ਉਸ ਨੇ ਜਿਸ ਪਰਪੱਕਤਾ ਨਾਲ ਇਹ ਭੂਮਿਕਾ ਨਿਭਾਈ ਹੈ, ਉਹ ਸਾਬਤ ਕਰਦੀ ਹੈ ਕਿ ਮਹਿੰਦਰ ਨੂੰ ਜੇਕਰ ਮੌਕਾ ਮਿਲਿਆਂ ਤਾਂ ਉਹ ਸਟੇਜ ਦੀ ਇਕ ਬਹੁਤ ਹੀ ਵਧੀਆ ਕਲਾਕਾਰ ਸਾਬਤ ਹੋਵੇਗੀ। (ਪਿੱਛੋਂ ਲਿਖਿਆ ਨੋਟ: ਮਹਿੰਦਰ ਜੋ ਹੁਣ ਮਹਿੰਦਰ ਗੁਜਰਾਲ ਹੈ, ਦਿੱਲੀ ਵਿਚ ਸ਼ੀਲਾ ਭਾਟੀਆ ਦੇ ਟਰੁੱਪ ਵਿਚ ਕੰਮ ਕਰਦੀ ਹੈ। ਮੇਰੇ ਟੀ.ਵੀ. ਸੀਰੀਅਲ 'ਦਾਸਤਾਨੇ ਪੰਜਾਬ' ਦੀ ਇਕ ਕਿਸ਼ਤ 'ਹਾਦਸਾ' ਵਿਚ ਉਹਨੇ ਪ੍ਰਮੁੱਖ ਭੂਮਿਕਾ ਨਿਭਾਈ ਹੈ ਅਤੇ ਮੇਰੀ 1958 ਵਿਚ ਕੀਤੀ ਭਵਿੱਖਬਾਣੀ 'ਤੇ ਪੂਰੀ ਉਤਰੀ ਹੈ)। ਸੁਲਤਾਨ ਦੇ ਰੂਪ ਵਿਚ ਅਮਰੀਕ ਨੇ ਆਪਣੀ ਕਲਾ ਦਾ ਪੂਰਾ ਜੌਹਰ ਵਿਖਾਇਆ ਹੈ। ਅਲੀ ਦੇ ਰੂਪ ਵਿਚ ਪ੍ਰੇਮ ਪਾਠਕ ਵੀ ਬਹੁਤ ਢੁੱਕਵਾਂ ਰਿਹਾ ਹੈ। ਇਸ ਨਾਟਕ ਦੀ ਸਫਲਤਾ ਨੇ ਮੈਨੂੰ ਵਿਸ਼ਵਾਸ ਦਿੱਤਾ ਹੈ। ਮੈਂ ਇਰਾਦਾ ਬਣਾਇਆ ਕਿ ਆਪਣੀ ਅਭਿਨੈ ਕਲਾ ਦੇ ਰਾਹੀਂ ਭਵਿੱਖ ਵਿਚ ਜ਼ਿੰਦਗੀ ਦੀਆਂ ਸਚਾਈਆਂ ਨੂੰ ਪੇਸ਼ ਕਰਨ ਲਈ ਨਾਟ ਖੇਤਰ ਵਿਚ ਕੰਮ ਕਰਾਂਗਾ।

ਦੇਸ਼ ਭਗਤੀ ਦੇ ਜਜ਼ਬੇ ਵਿਚ ਲਿਖਿਆ ਇਹ ਨਾਟਕ ਦਰਸ਼ਕਾਂ ਵਲੋਂ ਬਹੁਤ ਸਲਾਹਿਆ ਗਿਆ ਹੈ ਭਾਵੇਂ ਮੇਰੇ ਇਕ ਕੁਲੀਗ ਨੇ ਜੋ ਜਨਸੰਘ ਦੇ ਵਿਚਾਰਾਂ ਦਾ ਹੈ, ਕਿਹਾ ਹੈ ਕਿ ਕੋਈ ਵੀ ਕਸ਼ਮੀਰੀ ਮੁਸਲਮਾਨ ਇਹੋ ਜਿਹਾ ਦੇਸ਼ਭਗਤ ਨਹੀਂ ਹੋ ਸਕਦਾ ਜਿਸ ਤਰ੍ਹਾਂ ਕਿ ਇਕ ਨਾਟਕ ਵਿਚ ਵਿਖਾਇਆ ਗਿਆ ਹੈ। ਖੈਰ ਰਾਏ ਆਪੋ ਆਪਣੀ ਹੈ।